# ਵਿਦੇਸ਼ ਸਕੱਤਰ, ਸ੍ਰੀ ਵਿਨੈ ਮੋਹਨ ਕਵਾਤਰਾ ਦਾ ਜਾਪਾਨ ਦਾ ਦੌਰਾ (07-08 ਫਰਵਰੀ, 2024)

ਫਰਵਰੀ 08, 2024

ਵਿਦੇਸ਼ ਸਕੱਤਰ ਸ੍ਰੀ ਵਿਨੇ ਮੋਹਨ ਕਵਾਤਰਾ ਜਪਾਨ ਦੇ ਵਿਦੇਸ਼ ਮੰਤਰਾਲੇ ਵਿੱਚ ਆਪਣੇ ਹਮਰੁਤਬਾ ਦੇ ਨਾਲ ਉਪ-ਮੰਤਰੀ ਪੱਧਰੀ ਵਾਰਤਾਲਾਪ ਅਤੇ ਵਿਦੇਸ਼ ਦਫ਼ਤਰ ਦੇ ਸਲਾਹ-ਮਸ਼ਵਰੇ ਵਾਸਤੇ 07-08 ਫਰਵਰੀ 2024 ਨੂੰ ਟੋਕਿਓ ਦੇ ਦੌਰੇ ਤੇ ਗਏ।

2. ਦੌਰੇ ਦੌਰਾਨ ਵਿਦੇਸ਼ ਸਕੱਤਰ ਦੁਆਰਾ ਸ੍ਰੀ ਮਸਾਤਾਕਾ ਨਕਾਨੋ, ਜਪਾਨ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਨਾਲ ਦੁਵੱਲੇ ਸਲਾਹ ਮਸ਼ਵਰੇ ਕੀਤੇ ਗਏ ਜਿਸਦੇ ਵਿੱਚ ਭਾਰਤ-ਜਾਪਾਨ ਵਿਸ਼ੇਸ਼ ਰਣਨੀਤਕ ਅਤੇ ਗਲੋਬਲ ਭਾਈਵਾਲੀ ਦੇ ਸਾਰੇ ਖੇਤਰਾਂ ਦੀ ਸਮੀਖਿਆ ਕੀਤੀ ਗਈ, ਜਿਸ ਵਿੱਚ ਰਾਜਨੀਤਿਕ ਸਬੰਧ, ਰੱਖਿਆ ਅਤੇ ਸੁਰੱਖਿਆ, ਵਪਾਰ, ਨਿਵੇਸ਼, ਤਕਨਾਲੋਜੀਆਂ ਅਤੇ ਲੋਕਾਂ-ਦੇ-ਲੋਕਾਂ ਨਾਲ ਸਬੰਧ ਸ਼ਾਮਲ ਹਨ। ਦੋਵੇਂ ਪੱਖ ਸੰਬੰਧਾ ਦੇ ਦਾਇਰੇ ਅਤੇ ਡੂੰਗਾਈ ਨੂੰ ਵਧਾਉਣ ਵਾਸਤੇ ਸਹਿਮਤ ਹੋਏ। ਉਨ੍ਹਾਂ ਨੇ ਸਾਂਝੇ ਹਿੱਤਾਂ ਦੇ ਗਲੋਬਲ ਮੁੱਦਿਆਂ 'ਤੇ ਵੀ ਚਰਚਾ ਕੀਤੀ।

3. ਵਿਦੇਸ਼ੀ ਦਫਤਰ ਸਲਾਹ ਮਸ਼ਵਰੇ ਵਿਖੇ, ਵਿਦੇਸ਼ ਸਕੱਤਰ ਨੇ, ਸ੍ਰੀ ਤਾਕੇਹੀਰੋ ਫਨਾਕੋਸ਼ੀ, ਜਾਪਾਨ ਦੇ ਕਵਾਡ ਸ਼ੇਰਪਾ ਅਤੇ ਵਿਦੇਸ਼ ਮਾਮਲਿਆਂ ਦੇ ਉੱਚ ਪੱਧਰੀ ਉਪ-ਮੰਤਰੀ ਦੇ ਨਾਲ ਖੇਤਰੀ ਹਾਲਾਤ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਭਾਰਤ-ਜਾਪਾਨ ਸਹਿਯੋਗ ਅਤੇ ਹੋਰ ਸਾਂਝੇ ਹਿਤਾਂ ਦੇ ਮੁੱਦਿਆਂ ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ।

4. ਦੌਰੇ ਦੌਰਾਨ ਵਿਦੇਸ਼ ਸਕੱਤਰ ਜਪਾਨ ਸਰਕਾਰ ਤੇ ਹੋਰ ਉੱਚ ਪੱਧਰੀ ਕਾਰਜਕਾਰੀਆਂ ਨਾਲ ਮਿਲੇ ਜਿਨ੍ਹਾਂ ਵਿੱਚ ਆਰਥਿਕਤਾ ਮੰਤਰਾਲੇ, ਵਪਾਰ ਅਤੇ ਉਦਯੋਗ, ਸੁਰੱਖਿਆ ਮੰਤਰਾਲੇ ਸ਼ਾਮਿਲ ਹਨ ਅਤੇ ਉਨ੍ਹਾਂ ਨੇ ਕਈ ਖੇਤਰਾਂ ਵਿੱਚ ਜਪਾਨ ਦੇ ਨੀਤੀ ਨਿਰਮਾਤਾਵਾਂ, ਵਿਚਾਰਵਾਨਾਂ ਅਤੇ ਕਾਰਪੋਰੇਟ ਅਧਿਕਾਰੀਆਂ ਨਾਲ ਗੱਲਬਾਤ ਕੀਤੀ।

5. ਇਸ ਦੌਰੇ ਨੇ ਉੱਚ-ਪੱਧਰ ਦੇ ਦੁਵੱਲੇ ਆਦਾਨ-ਪ੍ਰਦਾਨ ਵਾਸਤੇ ਜਮੀਨ ਤਿਆਰ ਕਰਨ ਵਿੱਚ ਮਦਦ ਕੀਤੀ ਅਤੇ ਭਾਰਤ ਅਤੇ ਜਪਾਨ ਦਰਮਿਆਨ ਦੋਸਤੀ ਅਤੇ ਸਹਿਯੋਗ ਦੇ ਸੰਬੰਧ ਨੂੰ ਹੋਰ ਜਿਆਦਾ ਮਜਬੂਤ ਕੀਤਾ।

**ਨਵੀਂ ਦਿੱਲੀ**
**ਫਰਵਰੀ 08, 2024**